ਆਤਮਨਿਰਭਰ ਭਾਰਤ

सत्यमेव जयते

ਭਾਰਤ ਸਰਕਾਰ

ਭਾਗ–1: ਸੂਖਮ, ਲਘੂ, ਦਰਮਿਆਨੇ ਉੱਦਮਾਂ ਸਮੇਤ ਕਾਰੋਬਾਰ

13.05.2020

ਪ੍ਰਧਾਨ ਮੰਤਰੀ ਦਾ ਵਿਜ਼ਨ

- **‘ਆਤਮਨਿਰਭਰ ਭਾਰਤ ਅਭਿਯਾਨ’ (आत्मनिर्भर भारत अभियान)** ਲਈ ਸੱਦਾ
- **ਆਤਮਨਿਰਭਰ ਭਾਰਤ ਦੇ ਪੰਜ ਥੰਮ੍ਹ** – ਅਰਥਵਿਵਸਥਾ, ਬੁਨਿਆਦੀ ਢਾਂਚਾ, ਪ੍ਰਣਾਲੀ ਜਾਂ ਸਿਸਟਮ, ਜੀਵੰਤ ਡੈਮੋਗ੍ਰਾਫੀ ਅਤੇ ਮੰਗ।
- **20 ਲੱਖ ਕਰੋੜ ਰੁਪਏ ਦਾ ਸਪੈਸ਼ਲ ਆਰਥਿਕ ਅਤੇ ਵਿਆਪਕ ਪੈਕੇਜ – ਭਾਰਤ ਦੇ ਕੁੱਲ ਘਰੇਲੂ ਉਤਪਾਦਨ ਦੇ 10% ਦੇ ਬਰਾਬਰ।**
- ਹੋਰਨਾਂ ਤੋਂ ਇਲਾਵਾ ਗ੍ਰਹਿ ਉਦਯੋਗ, ਸੂਖਮ, ਲਘੂ ਤੇ ਦਰਮਿਆਨੇ ਉੱਦਮਾਂ, ਮਜ਼ਦੂਰਾਂ, ਮੱਧ–ਵਰਗ, ਉਦਯੋਗਾਂ ਸਮੇਤ **ਵਿਭਿੰਨ ਵਰਗਾਂ ਦੀਆਂ ਜ਼ਰੂਰਤਾਂ ਲਈ** ਪੈਕੇਜ।
- ਸਾਰੇ ਖੇਤਰਾਂ ਵਿੱਚ **ਸਾਹਸਿਕ ਸੁਧਾਰ** ਦੇਸ਼ ਨੂੰ ਆਤਮਨਿਰਭਰਤਾ ਵੱਲ ਲਿਜਾਣਗੇ।
- ਇਹ ਵੇਲਾ **ਲੋਕਲ ਉਤਪਾਦਾਂ ਲਈ ਵੋਕਲ ਬਣਨ ਦਾ ਤੇ ਉਨ੍ਹਾਂ ਨੂੰ ਗਲੋਬਲ** ਬਣਾਉਣ ਦਾ ਹੈ।

ਪ੍ਰਧਾਨ ਮੰਤਰੀ ਗ਼ਰੀਬ ਕਲਿਆਣ ਪੈਕੇਜ (1)

ਗ਼ਰੀਬਾਂ ਲਈ 'ਪ੍ਰਧਾਨ ਮੰਤਰੀ ਗ਼ਰੀਬ ਕਲਿਆਣ ਯੋਜਨਾ' ਤਹਿਤ 1.70 ਲੱਖ ਕਰੋੜ ਦਾ ਰਾਹਤ ਪੈਕੇਜ, ਤਾਂ ਜੋ ਉਨ੍ਹਾਂ ਨੂੰ ਕੋਰੋਨਾ ਵਾਇਰਸ ਵਿਰੁੱਧ ਜੰਗ ਲੜਨ ਵਿੱਚ ਮਦਦ ਮਿਲ ਸਕੇ।

- ਹਰੇਕ ਸਿਹਤ ਕਰਮਚਾਰੀ ਲਈ 50 ਲੱਖ ਰੁਪਏ ਦਾ **ਬੀਮਾ ਕਵਰ।**
- 80 ਕਰੋੜ ਗ਼ਰੀਬ ਲੋਕਾਂ ਨੂੰ ਅਗਲੇ 3 ਮਹੀਨਿਆਂ ਲਈ ਪ੍ਰਤੀ ਵਿਅਕਤੀ **5 ਕਿਲੋਗ੍ਰਾਮ ਕਣਕ** ਦਾ ਲਾਭ ਦਿੱਤਾ ਗਿਆ।
- ਅਗਲੇ 3 ਮਹੀਨਿਆਂ ਲਈ ਹਰ ਮਹੀਨੇ **ਹਰੇਕ ਪਰਿਵਾਰ ਲਈ 1 ਕਿਲੋਗ੍ਰਾਮ ਦਾਲ਼ਾਂ** ਮੁਫ਼ਤ।
- 20 ਕਰੋੜ **ਮਹਿਲਾ ਜਨ ਧਨ ਖਾਤਾਧਾਰਕਾਂ** ਨੂੰ ਅਗਲੇ 3 ਮਹੀਨਿਆਂ ਲਈ ਮਿਲੇ 500 ਰੁਪਏ ਪ੍ਰਤੀ ਮਹੀਨਾ।
- **ਗੈਸ ਸਿਲੰਡਰ, ਬਿਲਕੁਲ ਮੁਫ਼ਤ,** ਅਗਲੇ 3 ਮਹੀਨਿਆਂ ਲਈ 8 ਕਰੋੜ ਗ਼ਰੀਬ ਪਰਿਵਾਰਾਂ ਨੂੰ ਮੁਹੱਈਆ ਕਰਵਾਏ ਗਏ।
- **ਮਨਰੇਗਾ ਉਜਰਤ ਵਿੱਚ ਵਾਧਾ**, ਜਿਸ ਨੂੰ 182 ਰੁਪਏ ਤੋਂ ਵਧਾ ਕੇ 202 ਰੁਪਏ ਪ੍ਰਤੀ ਦਿਨ ਕੀਤਾ ਗਿਆ ਤੇ ਇਸ ਦਾ ਲਾਭ 13.62 ਕਰੋੜ ਪਰਿਵਾਰਾਂ ਨੂੰ ਮਿਲਿਆ।
- 3 ਕਰੋੜ **ਗ਼ਰੀਬ ਬਜ਼ੁਰਗਾਂ, ਗ਼ਰੀਬ ਵਿਧਵਾਵਾਂ ਤੇ ਗ਼ਰੀਬ ਦਿੱਵਯਾਂਗਾਂ** ਨੂੰ 1,000 ਰੁਪਏ ਦੀ ਐਕਸ–ਗ੍ਰੇਸ਼ੀਆ।

ਪ੍ਰਧਾਨ ਮੰਤਰੀ ਗ਼ਰੀਬ ਕਲਿਆਣ ਪੈਕੇਜ (2)

- ਮੌਜੂਦਾ ਪੀਐੱਮ–ਕਿਸਾਨ ਤਹਿਤ ਫ਼ਰੰਟ–ਲੋਡੇਡ **2,000 ਰੁਪਏ ਕਿਸਾਨਾਂ ਨੂੰ ਅਦਾ ਕੀਤੇ** ਜਿਸ ਦਾ ਲਾਭ 8.7 ਕਰੋੜ ਕਿਸਾਨਾਂ ਨੂੰ ਲਾਭ ਪੁੱਜਾ।
- ਕਾਮਿਆਂ ਨੂੰ ਰਾਹਤ ਪ੍ਰਦਾਨ ਕਰਨ ਲਈ **ਬਿਲਡਿੰਗ ਐਂਡ ਕੰਸਟ੍ਰਕਸ਼ਨ ਵਰਕਰਸ ਵੈਲਫ਼ੇਅਰ ਫ਼ੰਡ** ਵਰਤਣ ਦੀ ਇਜਾਜ਼ਤ ਦਿੱਤੀ ਗਈ।
- 100 ਤੋਂ ਘੱਟ ਕਰਮਚਾਰੀਆਂ ਵਾਲੇ ਕਾਰੋਬਾਰੀ ਅਦਾਰਿਆਂ ਵਿੱਚ 15,000 ਰੁਪਏ ਪ੍ਰਤੀ ਮਹੀਨਾ ਤੋਂ ਘੱਟ ਤਨਖ਼ਾਹ ਲੈਣ ਵਾਲੇ ਕਾਮਿਆਂ ਲਈ ਅਗਲੇ ਤਿੰਨ ਮਹੀਨਿਆਂ ਵਾਸਤੇ ਉਨ੍ਹਾਂ ਦੀਆਂ **ਮਾਸਿਕ ਤਨਖ਼ਾਹਾਂ ਦਾ 24% ਉਨ੍ਹਾਂ ਦੇ ਪੀਐੱਫ਼ ਖਾਤਿਆਂ ਵਿੱਚ ਜਮ੍ਹਾਂ** ਕੀਤਾ ਜਾਵੇਗਾ।
- ਇੰਪਲਾਈ ਪ੍ਰੌਵੀਡੈਂਟ ਫ਼ੰਡ (ਈਪੀਐੱਫ਼) ਤਹਿਤ ਰਜਿਸਟਰਡ ਪੰਜ ਕਰੋੜ ਕਰਮਚਾਰੀਆਂ ਨੂੰ 75% **ਨਾਨ-ਰਿਫੰਡੇਬਲ ਅਡਵਾਂਸ** ਵਜੋਂ ਜਾਂ ਤਿੰਨ ਮਹੀਨਿਆਂ ਦੀ ਤਨਖ਼ਾਹ, ਜੋ ਵੀ ਘੱਟ ਹੋਵੇ, ਉਨ੍ਹਾਂ ਦੇ ਖਾਤਿਆਂ ਵਿੱਚੋਂ ਮਿਲੇਗੀ।
- ਮਹਿਲਾਵਾਂ ਦੇ **ਸੈਲਫ਼ ਹੈਲਪ ਗਰੁੱਪਾਂ** ਲਈ ਕੋਲੇਟਰਲ ਫ਼੍ਰੀ ਲੈਂਡਿੰਗ ਦੀ ਸੀਮਾ 10 ਲੱਖ ਰੁਪਏ ਤੋਂ ਵਧ ਕੇ 20 ਲੱਖ ਰੁਪਏ ਕੀਤੀ, ਜਿਸ ਦਾ ਲਾਭ 6.85 ਕਰੋੜ ਪਰਿਵਾਰਾਂ ਨੂੰ ਮਿਲੇਗਾ।
- **ਡਿਸਟ੍ਰਿਕਟ ਮਿਨਰਲ ਫ਼ੰਡ (ਡੀਐੱਮਐੱਫ਼)** ਦੀ ਵਰਤੋਂ ਮੈਡੀਕਲ ਟੈਸਟਿੰਗ, ਸਕ੍ਰੀਨਿੰਗ ਆਦਿ ਦੀਆਂ ਸੁਵਿਧਾਵਾਂ ਵਿੱਚ ਸਪਲੀਮੈਂਟਿੰਗ ਤੇ ਵਾਧਾ ਕਰਨ ਲਈ ਕੀਤੀ ਜਾਵੇਗੀ।

ਹੋਰ ਉਪਾਅ – 1

- ਭਾਰਤ ਸਰਕਾਰ ਦੀ ਬੇਨਤੀ ਉੱਤੇ, ਭਾਰਤੀ ਰਿਜ਼ਰਵ ਬੈਂਕ ਨੇ ਰਾਜਾਂ ਦੇ **'ਵੇਅਜ਼ ਐਂਡ ਮੀਨਜ਼ ਅਡਵਾਂਸ ਲਿਮਿਟਸ'** ਵਿੱਚ **60% ਵਾਧਾ ਕੀਤਾ ਅਤੇ ਓਵਰਡ੍ਰਾਫ਼ਟ ਮਿਆਦ ਸੀਮਾਵਾਂ** ਵਧਾਈਆਂ।
- **5 ਲੱਖ ਰੁਪਏ ਤੱਕ ਦੇ ਮੁਲਤਵੀ ਪਏ ਸਾਰੇ ਇਨਕਮ ਟੈਕਸ ਰਿਫ਼ੰਡਸ ਜਾਰੀ** ਕੀਤੇ, ਜਿਸ ਨਾਲ ਤੁਰੰਤ 14 ਲੱਖ ਦੇ ਲਗਭਗ ਕਰਦਾਤਿਆਂ ਨੂੰ ਲਾਭ ਪੁੱਜਾ
- **'ਸਪੈਸ਼ਲ ਰਿਫ਼ੰਡ ਐਂਡ ਡ੍ਰਾਅਬੈਕ ਡਿਸਪੋਜ਼ਲ ਡ੍ਰਾਈਵ'** ਸਾਰੇ ਮੁਲਤਵੀ ਰਿਫ਼ੰਡ ਤੇ ਡ੍ਰਾਅਬੈਕ ਕਲੇਮਜ਼ ਲਈ ਲਾਗੂ ਕੀਤੇ।
- ਉਪਰੋਕਤ ਦੋਵੇਂ ਉਪਾਵਾਂ ਰਾਹੀਂ **18,000 ਕਰੋੜ ਰੁਪਏ** ਦੀ ਰਿਫ਼ੰਡ ਰਾਸ਼ੀ ਬਣਦੀ ਹੈ।
- **ਐਮਰਜੈਂਸੀ ਹੈਲਥ ਰੈਸਪੌਂਸ ਪੈਕੇਜ ਲਈ 15,000 ਕਰੋੜ ਰੁਪਏ** ਮਨਜ਼ੂਰ ਕੀਤੇ।

ਹੋਰ ਉਪਾਅ – 2

- **ਵਿਧਾਨਕ ਤੇ ਅਨੁਪਾਲਨ ਦੇ ਮਾਮਲਿਆਂ ਵਿੱਚ ਛੂਟ** ਮੁਹੱਈਆ ਕਰਵਾਈ, ਜਿਵੇਂ ਕਿ –
- ਇਨਕਮ ਟੈਕਸ ਰਿਟਰਨਾਂ ਲਈ ਆਖ਼ਰੀ ਮਿਤੀ 30 ਜੂਨ, 2020 ਤੱਕ ਅੱਗੇ ਵਧਾਈ।
- ਜੀਐੱਸਟੀ ਰਿਟਰਨਾਂ ਦਰਜ ਕਰਵਾਉਣ ਦੀ ਮਿਤੀ ਜੂਨ 2020 ਦੇ ਅੰਤ ਤੱਕ ਅੱਗੇ ਵਧਾਈ।
- 24*7 ਕਸਟਮ ਕਲੀਅਰੈਂਸ 30 ਜੂਨ, 2020 ਤੱਕ
- ਡੈਬਿਟ ਕਾਰਡ–ਧਾਰਕਾਂ ਲਈ ਕਿਸੇ ਵੀ ਏਟੀਐੱਮਜ਼ ਆਦਿ ਤੋਂ ਨਕਦ ਰਕਮ ਕਢਵਾਉਣ ਦੀ 3 ਮਹੀਨਿਆਂ ਲਈ ਛੂਟ।
- ਮੋਟਰ ਵਾਹਨ ਤੇ ਸਿਹਤ ਬੀਮਾ ਨੀਤੀਆਂ ਲਈ 15 ਮਈ, 2020 ਤੋਂ ਪਹਿਲਾਂ ਦੇ ਭੁਗਤਾਨ ਦੀ ਇਜਾਜ਼ਤ।
- ਵਿਧਾਨਕ ਬੋਰਡ ਮੀਟਿੰਗਾਂ 60 ਦਿਨਾਂ ਲਈ 30 ਸਤੰਬਰ ਤੱਕ ਅੱਗੇ ਵਧਾਈਆਂ।
- ਈ–ਵੋਟਿੰਗ / ਸਰਲੀਕ੍ਰਿਤ ਵੋਟਿੰਗ ਸੁਵਿਧਾ ਨਾਲ ਵੀਡੀਓ ਕਾਨਫ਼ਰੰਸ ਰਾਹੀਂ ਅਸਾਧਾਰਣ ਆਮ ਮੀਟਿੰਗਾਂ ਦੀ ਇਜਾਜ਼ਤ।

ਭਾਰਤੀ ਰਿਜ਼ਰਵ ਬੈਂਕ ਦੁਆਰਾ ਕੀਤੇ ਗਏ ਉਪਾਅ

- ‘ਕੈਸ਼ ਰਿਜ਼ਰਵ ਰੇਸ਼ੋ’ (ਸੀਆਰਆਰ) ਵਿੱਚ ਕਮੀ ਨਾਲ ਲਿਕੁਇਡਿਟੀ ਵਿੱਚ **1,37,000 ਕਰੋੜ ਰੁਪਏ** ਦਾ ਵਾਧਾ ਹੋਇਆ।
- ਇਨਵੈਸਟਮੈਂਟ ਗ੍ਰੇਡ ਕਾਰਪੋਰੇਟ ਬਾਂਡਜ਼, ਕਮਰਸ਼ੀਅਲ ਪੇਪਰ ਅਤੇ ਨੋਨ–ਕਨਵਰਟੀਬਲ ਡੀਬੈਂਚਰਜ਼ ਵਿੱਚ ਤਾਜ਼ਾ ਡੀਪਲੋਏਮੈਂਟ ਲਈ **1,00,050 ਕਰੋੜ ਰੁਪਏ ਦੇ ਟਾਰਗੈਟਡ ਲੌਂਗ ਟਰਮ ਰੈਪੋ ਅਪਰੇਸ਼ਨਸ (ਟੀਐੱਲਟੀਆਰਓ)।**
- ਐੱਨਬੀਐੱਫ਼ਸੀਜ਼ ਅਤੇ ਐੱਮਐੱਫ਼ਆਈਜ਼ ਦੇ ਇਨਵੈਸਟਮੈਂਟ ਗ੍ਰੇਡ ਬੌਂਡਜ਼, ਕਮਰਸ਼ੀਅਲ ਪੇਪਰ ਤੇ ਨੋਨ–ਕਨਵਰਟੀਬਲ ਡੀਬੈਂਚਰਜ਼ ਵਿੱਚ ਨਿਵੇਸ਼ ਲਈ **50,000 ਕਰੋੜ ਰੁਪਏ ਦੇ ਟੀਐੱਲਟੀਆਰਓ।**
- ਮਾਰਜਿਨਲ ਸਟੈਂਡਿੰਗ ਫ਼ੈਸਿਲਿਟੀ (ਐੱਮਐੱਸਐੱਫ਼) ਤਹਿਤ **ਬੈਂਕਾਂ ਦੀ ਉਧਾਰੀਆਂ ਦੇਣ ਦੀ ਦੀ ਸੀਮਾ** ਵਿੱਚ ਰਾਤੋ–ਰਾਤ ਵਾਧਾ ਕੀਤਾ, ਜਿਸ ਨਾਲ ਘਟਾਈ ਐੱਮਐੱਸਐੱਫ਼ ਦਰ ਉੱਤੇ **ਬੈਂਕਿੰਗ ਸਿਸਟਮ ਨੂੰ 1,37,000 ਕਰੋੜ ਰੁਪਏ ਦੀ ਵਾਧੂ ਲਿਕੁਇਡਿਟੀ** ਦਾ ਲਾਭ ਹੋਇਆ।

ਭਾਰਤੀ ਰਿਜ਼ਰਵ ਬੈਂਕ ਦੁਆਰਾ ਕੀਤੇ ਉਪਾਅ

- **ਨਾਬਾਰਡ, ਸਿਡਬੀ ਅਤੇ ਐੱਨਐੱਚਬੀ ਨੂੰ ਪਾਲਿਸੀ ਰੈਪੋ ਰੇਟ ਉੱਤੇ 50,000 ਕਰੋੜ ਰੁਪਏ** ਦੀ ਕੁੱਲ ਰਕਮ ਦੀਆਂ **ਸਪੈਸ਼ਲ ਰੀਫ਼ਾਇਨਾਂਸ ਸੁਵਿਧਾਵਾਂ** ਦਾ ਐਲਾਨ ਕੀਤਾ।
- ਵਧੇ ਲਿਕੁਇਡਿਟੀ ਦਬਾਅ ਘਟਾਉਣ ਲਈ ਮਿਊਚੁਅਲ ਫ਼ੰਡਾਂ ਵਾਸਤੇ **50,000 ਕਰੋੜ ਰੁਪਏ ਦੀ ਇੱਕ ਸਪੈਸ਼ਲ ਲਿਕੁਇਡਿਟੀ ਫ਼ੈਸਿਲਿਟੀ (ਐੱਸਐੱਲਐੱਫ਼)** ਖੋਲ੍ਹਣ ਦਾ ਐਲਾਨ ਕੀਤਾ।
- **ਸਾਰੇ ਮਿਆਦੀ ਕਰਜ਼ਿਆਂ** ਦੇ ਸਬੰਧ ਵਿੱਚ **ਵਰਕਿੰਗ ਕੈਪੀਟਲ ਸੁਵਿਧਾਵਾਂ** ਉੱਤੇ ਵਿਆਜ ਦੇ ਭੁ ਅਤੇ **ਕਿਸ਼ਤਾਂ ਦੇ ਭੁਗਤਾਨ ਉੱਤੇ ਤਿੰਨ ਮਹੀਨਿਆਂ ਦੀ ਮੁਹਲਤ**।
- ਮਾਰਜਿਨ ਘਟਾ ਕੇ **ਸਰਲ ਵਰਕਿੰਗ ਕੈਪੀਟਲ ਫ਼ਾਇਨਾਂਸਿੰਗ**।
- ਐੱਨਬੀਐੱਫ਼ਸੀ ਦੁਆਰਾ ਕਮਰਸ਼ੀਅਲ ਰੀਅਲ ਇਸਟੇਟ ਸੈਕਟਰ ਨੂੰ ਕਰਜ਼ਿਆਂ ਲਈ, **ਕਮਰ੍ਸੀਅਲ ਅਪਰੇਸ਼ਨਸ ਦੀ ਸ਼ੁਰੂਆਤ (ਡੀਸੀਸੀਓ) ਲਈ ਮਿਤੀ ਵਿੱਚ ਵਾਧਾ ਕਰ ਕੇ ਇੱਕ ਹੋਰ** ਸਾਲ ਦਾ ਸਮਾਂ ਦੇ ਦਿੱਤਾ ਗਿਆ ਹੈ।

ਸੂਖਮ, ਲਘੂ ਤੇ ਦਰਮਿਆਨੇ ਉੱਦਮਾਂ (ਐੱਮਐੱਸਐੱਮਈ) ਸਮੇਤ ਕਾਰੋਬਾਰ

1. ਐੱਮਐੱਸਐੱਮਈ ਸਮੇਤ ਕਾਰੋਬਾਰੀ ਅਦਾਰਿਆਂ ਲਈ 3 ਲੱਖ ਕਰੋੜ ਰੁਪਏ ਦੇ ਕੋਲੇਟਰਲ ਫ੍ਰੀ ਆਟੋਮੈਟਿਕ ਲੋਨਸ
2. ਐੱਮਐੱਸਐੱਮਈ ਲਈ 20,000 ਕਰੋੜ ਰੁਪਏ ਦਾ ਤਹਿਤ ਰਿਣ (ਸਬਾਰਡੀਨੇਟ ਡੈੱਟ)
3. ਐੱਮਐੱਸਐੱਮਈ ਫ਼ੰਡ ਆਵ੍ ਫ਼ੰਡਸ ਰਾਹੀਂ 50,000 ਕਰੋੜ ਰੁਪਏ ਦਾ ਇਕੁਇਟੀ ਇਨਫ਼ਿਊਜ਼ਨ
4. ਐੱਮਐੱਸਐੱਮਈ ਦੀ ਨਵੀਂ ਪਰਿਭਾਸ਼ਾ
5. 200 ਕਰੋੜ ਰੁਪਏ ਤੱਕ ਗਲੋਬਲ ਟੈਂਡਰ ਦੀ ਇਜਾਜ਼ਤ ਨਹੀਂ ਹੋਵੇਗੀ
6. ਐੱਮਐੱਸਐੱਮਈ ਲਈ ਹੋਰ ਦਖ਼ਲ
7. 3 ਹੋਰ ਮਹੀਨਿਆਂ ਲਈ ਕਾਰੋਬਾਰੀ ਅਦਾਰਿਆਂ ਤੇ ਕਾਮਿਆਂ ਵਾਸਤੇ 2,500 ਕਰੋੜ ਰੁਪਏ ਦੀ ਈਪੀਐੱਫ਼ ਸਹਾਇਤਾ
8. 3 ਮਹੀਨਿਆਂ ਲਈ ਕਾਰੋਬਾਰੀ ਅਦਾਰਿਆਂ ਤੇ ਕਾਮਿਆਂ ਵਾਸਤੇ ਈਪੀਐੱਫ਼ ਅੰਸ਼ਦਾਨ ਘਟਾਇਆ – 6750 ਕਰੋੜ ਰੁਪਏ
9. ਐੱਨਬੀਐੱਫ਼ਸੀ/ਐੱਚਐੱਫ਼ਸੀਜ਼/ਐੱਮਐੱਫ਼ਆਈਜ਼ (NBFC/HCs/MFIs) ਲਈ 30,000 ਕਰੋੜ ਰੁਪਏ ਦੀ ਲਿਕੁਇਡਿਟੀ ਸੁਵਿਧਾ
10. ਐੱਨਬੀਐੱਫ਼ਸੀ ਲਈ 45,000 ਕਰੋੜ ਰੁਪਏ ਦੀ ਅੰਸ਼ਕ ਰਿਣ ਗਰੰਟੀ ਯੋਜਨਾ 2.0
11. ਡਿਸਕੌਮਸ (DISCOMs) ਲਈ 90,000 ਕਰੋੜ ਰੁਪਏ ਦਾ ਲਿਕੁਇਡਿਟੀ ਇੰਜੈਕਸ਼ਨ
12. ਠੇਕੇਦਾਰਾਂ ਲਈ ਰਾਹਤ
13. ਰੇਰਾ (RERA) ਤਹਿਤ ਰੀਅਲ ਇਸਟੇਟ ਦੇ ਪ੍ਰੋਜੈਕਟਾਂ ਦੀ ਰਜਿਸਟ੍ਰੇਸ਼ਨ ਅਤੇ ਮੁਕੰਮਲ ਹੋਣ ਦੀ ਮਿਤੀ ਵਿੱਚ ਵਾਧਾ
14. ਟੀਡੀਐੱਸ/ਟੀਸੀਐੱਸ ਕਟੌਤੀਆਂ ਰਾਹੀਂ 50,000 ਕਰੋੜ ਰੁਪਏ ਦੀ ਤਰਲਤਾ (ਲਿਕੁਇਡਿਟੀ)
15. ਹੋਰ ਪ੍ਰਤੱਖ ਟੈਕਸ ਉਪਾਅ

ਸੂਖਮ, ਲਘੂ ਤੇ ਦਰਮਿਆਨੇ ਉੱਦਮਾਂ (ਐੱਮਐੱਸਐੱਮਈ) ਸਮੇਤ ਕਾਰੋਬਾਰੀ ਅਦਾਰਿਆਂ ਲਈ 3 ਲੱਖ ਕਰੋੜ ਰੁਪਏ ਦੇ ਕੋਲੇਟਰਲ ਫ਼੍ਰੀ (ਗਰੰਟੀ ਮੁਕਤ) ਆਟੋਮੈਟਿਕ ਲੋਨਸ

- ਕੋਵਿਡ–19 ਕਰਕੇ ਬਹੁਤ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਕਾਰੋਬਾਰੀ ਅਦਾਰੇ/ਐੱਮਐੱਸਐੱਮਈਜ਼ ਨੂੰ ਅਪਰੇਸ਼ਨਲ ਦੇਣਦਾਰੀਆਂ ਤਿਆਰ ਰੱਖਣ, ਕੱਚਾ ਮਾਲ ਖ਼ਰੀਦਣ ਤੇ ਕਾਰੋਬਾਰ ਮੁੜ ਸ਼ੁਰੂ ਕਰਨ ਲਈ ਵਾਧੂ ਫ਼ੰਡਿੰਗ ਦੀ ਜ਼ਰੂਰਤ ਹੈ।
- **ਫ਼ੈਸਲਾ: ਬੈਂਕਾਂ ਅਤੇ ਐੱਨਬੀਐੱਫ਼ਸੀਜ਼ ਤੋਂ ਕਾਰੋਬਾਰੀ ਅਦਾਰਿਆਂ/ਐੱਮਐੱਸਐੱਮਈਜ਼ ਨੂੰ 29 ਫ਼ਰਵਰੀ, 2020 ਨੂੰ ਸਮੁੱਚੇ ਬਕਾਇਆ ਰਿਣ ਦੇ 20% ਤੱਕ ਐਮਰਜੈਂਸੀ ਕ੍ਰੈਡਿਟ ਲਾਈਨ।**
- 25 ਕਰੋੜ ਰੁਪਏ ਤੱਕ ਦੇ ਬਕਾਏ ਅਤੇ 100 ਕਰੋੜ ਰੁਪਏ ਤੱਕ ਦੀ ਟਰਨਓਵਰ ਵਾਲੇ ਰਿਣੀ ਯੋਗ ਹਨ।
- ਮੂਲਧਨ ਦੇ ਮੁੜ–ਭੁਗਤਾਨ ਉੱਤੇ **12 ਮਹੀਨਿਆਂ ਦੀ ਮੁਹਲਤ** ਨਾਲ **4 ਸਾਲਾ ਟੈਨਰ** ਤੱਕ ਦੇ ਲੋਨਸ
- **ਵਿਆਜ ਦੀ ਉੱਪਰਲੀ ਹੱਦ ਤੈਅ ਹੋਵੇਗੀ।**
- **ਮੂਲਧਨ ਅਤੇ ਵਿਆਜ ਉੱਤੇ** ਬੈਂਕਾਂ ਤੇ ਐੱਨਬੀਐੱਫ਼ਸੀਜ਼ ਨੂੰ **100% ਕ੍ਰੈਡਿਟ ਗਰੰਟੀ ਕਵਰ।**
- ਇਸ ਸਕੀਮ ਦਾ ਲਾਭ 31 ਅਕਤੂਬਰ, 2020 ਤੱਕ ਲਿਆ ਜਾ ਸਕਦਾ ਹੈ।
- **ਕੋਈ ਗਰੰਟੀ ਫ਼ੀਸ ਨਹੀਂ, ਕੋਈ ਤਾਜ਼ਾ ਕੋਲੇਟਰਲ ਨਹੀਂ।**
- **45 ਲੱਖ ਇਕਾਈਆਂ** ਕਾਰੋਬਾਰੀ ਗਤੀਵਿਧੀਆਂ ਮੁੜ ਸ਼ੁਰੂ ਕਰ ਸਕਦੀਆਂ ਹਨ ਤੇ ਨੌਕਰੀਆਂ ਸੁਰੱਖਿਅਤ ਕਰ ਸਕਦੀਆਂ ਹਨ।

ਤਣਾਅਪੂਰਨ ਸੂਖਮ, ਲਘੂ ਤੇ ਦਰਮਿਆਨੇ ਉੱਦਮਾਂ (ਐੱਮਐੱਸਐੱਮਈ) ਲਈ 20,000 ਕਰੋੜ ਰੁਪਏ ਦਾ ਅਧੀਨ ਕਰਜ਼ (ਸਬਾਰਡੀਨੇਟ ਡੈੱਟ)

- ਤਣਾਅਪੂਰਨ ਐੱਮਐੱਸਐੱਮਈ ਨੂੰ ਇਕੁਇਟੀ ਸਹਾਇਤਾ ਦੀ ਜ਼ਰੂਰਤ ਹੈ
- ਭਾਰਤ ਸਰਕਾਰ ਅਧੀਨ ਕਰਜ਼ (ਸਬਾਰਡੀਨੇਟ ਡੈੱਟ) ਵਜੋਂ **20,000 ਕਰੋੜ ਰੁਪਏ** ਦੀ ਵਿਵਸਥਾ ਦੀ ਸੁਵਿਧਾ ਦੇਵੇਗੀ।
- **ਦੋ ਲੱਖ ਐੱਮਐੱਸਐੱਮਈ** ਨੂੰ ਲਾਭ ਪੁੱਜਣ ਦੀ ਸੰਭਾਵਨਾ।
- ਕੰਮ ਕਰਦੇ ਐੱਮਐੱਸਐੱਮਈ ਜੋ **ਐੱਨਪੀਏ ਜਾਂ ਦਬਾਅ/ਤਣਾਅ** ਹੇਠ ਹਨ, ਯੋਗ ਹੋਣਗੇ।
- ਸਰਕਾਰ ਸੀਜੀਟੀਐੱਮਐੱਸਈ (CGTMSE) ਨੂੰ **4,000 ਕਰੋੜ ਰੁਪਏ** ਦੀ ਸਹਾਇਤਾ ਪ੍ਰਦਾਨ ਕਰੇਗੀ
- ਸੀਜੀਟੀਐੱਮਐੱਸਈ ਬੈਂਕਾਂ ਨੂੰ **ਅੰਸ਼ਕ ਰਿਣ ਗਰੰਟੀ ਸਹਾਇਤਾ ਪ੍ਰਦਾਨ ਕਰੇਗੀ।**
- ਐੱਮਐੱਸਐੱਮਈ ਦੇ ਪ੍ਰੋਮੋਟਰਜ਼ ਨੂੰ ਬੈਂਕਾਂ ਦੁਆਰਾ ਕਰਜ਼ਾ ਦਿੱਤਾ ਜਾਵੇਗਾ, ਜੋ ਤਦ ਇਕਾਈ ਵਿੱਚ ਇਕੁਇਟੀ ਵਜੋਂ ਪ੍ਰੋਮੋਟੋਰ ਦੁਆਰਾ ਇਨਫ਼ਿਊਜ਼ ਕੀਤਾ ਜਾਵੇਗਾ।

ਸੂਖਮ, ਲਘੂ ਤੇ ਦਰਮਿਆਨੇ ਉੱਦਮਾਂ (ਐੱਮਐੱਸਐੱਮਈ) ਲਈ ਫ਼ੰਡ ਆਵ੍ ਫ਼ੰਡਸ ਰਾਹੀਂ 50,000 ਕਰੋੜ ਰੁਪਏ ਦਾ ਇਕੁਇਟੀ ਇਨਫ਼ਿਊਜ਼ਨ

- ਐੱਮਐੱਸਐੱਮਈ ਨੂੰ ਇਕੁਇਟੀ ਦੀ ਭਾਰੀ ਕਿੱਲਤ ਦਾ ਸਾਹਮਣਾ।
- **10,000 ਕਰੋੜ ਰੁਪਏ** ਨਾਲ ਫ਼ੰਡ ਆਵ੍ ਫ਼ੰਡਸ ਸਥਾਪਿਤ ਕੀਤਾ ਜਾਵੇਗਾ।
- **ਵਿਕਾਸ ਸੰਭਾਵਨਾ ਤੇ ਵਿਵਹਾਰਕਤਾ ਨਾਲ ਐੱਮਐੱਸਐੱਮਈ** ਲਈ ਇਕੁਇਟੀ ਫ਼ੰਡਿੰਗ ਮੁਹੱਈਆ ਕਰਵਾਈ ਜਾਵੇਗੀ।
- ਐੱਫ਼ਓਐੱਫ਼ ਇੱਕ **ਮਦਰ ਫ਼ੰਡ** ਅਤੇ ਕੁਝ **ਡਾਟਰ ਫ਼ੰਡਾਂ** ਰਾਹੀਂ ਅਪਰੇਟ ਕੀਤਾ ਜਾਵੇਗਾ।
- **ਫ਼ੰਡ ਸੰਰਚਨਾ ਡਾਟਰ ਫ਼ੰਡਾਂ ਦੇ ਪੱਧਰ ਉੱਤੇ 50,000 ਕਰੋੜ ਰੁਪਏ ਦੇ ਫ਼ੰਡਾਂ ਦੀ ਲੀਵਰੇਜ ਵਿੱਚ ਮਦਦ ਕਰੇਗੀ।**
- ਐੱਮਐੱਸਐੱਮਈ ਅਕਾਰ ਦੇ ਨਾਲ ਸਮਰੱਥਾ ਦੇ ਵਿਸਥਾਰ ਵਿੱਚ ਮਦਦ ਮਿਲੇਗੀ।
- ਸਟਾਕ ਐਕਸਚੇਂਜਸ ਦੇ ਮੇਨ ਬੋਰਡ ਉੱਤੇ **ਐੱਮਐੱਸਐੱਮਈ ਨੂੰ ਸੂਚੀਬੱਧ ਕਰਵਾਉਣ ਲਈ ਉਤਸ਼ਾਹਿਤ** ਕੀਤਾ ਜਾਵੇਗਾ।

ਸੂਖਮ, ਲਘੂ ਤੇ ਦਰਮਿਆਨੇ ਉੱਦਮਾਂ (ਐੱਮਐੱਸਐੱਮਈ) ਦੀ ਨਵੀਂ ਪਰਿਭਾਸ਼ਾ

- ਐੱਮਐੱਸਐੱਮਈ ਦੀ ਪਰਿਭਾਸ਼ਾ ਵਿੱਚ ਘੱਟ/ਨੀਵੀਂ ਸੀਮਾ–ਰੇਖਾ ਨੇ ਐੱਮਐੱਸਐੱਮਈ ਵਿੱਚ ਇੱਕ ਡਰ ਪੈਦਾ ਕੀਤਾ ਹੈ ਕਿ ਉਹ ਕਿਤੇ ਮਿਲਣ ਵਾਲੇ ਫ਼ਾਇਦਿਆਂ ਤੋਂ ਵਾਂਝੇ ਨਾ ਹੋ ਜਾਣ ਤੇ ਇੰਝ ਅੱਗੇ ਵਧਣ ਦੀ ਇੰਛਾ ਮਰ ਜਾਂਦੀ ਹੈ।
- ਸੋਧਾਂ ਲਈ ਬਹੁਤ ਪਹਿਲਾਂ ਤੋਂ ਮੰਗ ਕੀਤੀ ਜਾਂਦੀ ਰਹੀ ਹੈ।

ਐਲਾਨ:

- ਐੱਮਐੱਸਐੱਮਈ ਦੀ ਪਰਿਭਾਸ਼ਾ ਵਿੱਚ ਸੋਧ ਕੀਤੀ ਜਾਵੇਗੀ।
- **ਨਿਵੇਸ਼ ਦੀ ਸੀਮਾ** ਸੋਧ ਕੇ ਉਸ ਨੂੰ ਵਧਾਇਆ ਜਾਵੇਗਾ।
- **ਟਰਨਓਵਰ ਦੇ ਵਧੀਕ ਮਾਪਦੰਡ** ਵੀ ਸਾਹਮਣੇ ਲਿਆਂਦੇ ਜਾ ਰਹੇ ਹਨ।
- ਨਿਰਮਾਣ ਅਤੇ ਸੇਵਾ ਖੇਤਰ ਵਿਚਾਲੇ ਫ਼ਰਕ ਖ਼ਤਮ ਹੋਵੇਗਾ।
- **ਕਾਨੂੰਨ ਵਿੱਚ ਜ਼ਰੂਰੀ ਸੋਧਾਂ** ਕੀਤੀਆਂ ਜਾਣਗੀਆਂ।

ਸੂਖਮ, ਲਘੂ ਤੇ ਦਰਮਿਆਨੇ ਉੱਦਮਾਂ (ਐੱਮਐੱਸਐੱਮਈ) ਦੀ ਮੌਜੂਦਾ ਤੇ ਸੰਸ਼ੋਧਿਤ ਪਰਿਭਾਸ਼ਾ

सत्यमेव जयते
Goverment Of India

ਮੌਜੂਦਾ ਐੱਮਐੱਸਐੱਮਈ ਵਰਗੀਕਰਣ			
ਮਾਪਦੰਡ : ਪਲਾਂਟ ਅਤੇ ਮਸ਼ੀਨਰੀ ਜਾਂ ਉਪਕਰਣ ਵਿੱਚ ਨਿਵੇਸ਼			
ਵਰਗੀਕਰਣ	ਸੂਖਮ (ਮਾਈਕ੍ਰੋ)	ਲਘੂ (ਸਮਾਲ)	ਦਰਮਿਆਨੇ (ਮੀਡੀਅਮ)
ਨਿਰਮਾਣ ਉੱਦਮ	ਨਿਵੇਸ਼< 25 ਲੱਖ ਰੁਪਏ	ਨਿਵੇਸ਼< 5 ਕਰੋੜ ਰੁਪਏ	ਨਿਵੇਸ਼< 10 ਕਰੋੜ ਰੁਪਏ
ਸੇਵਾ ਉੱਦਮ	ਨਿਵੇਸ਼< 10 ਲੱਖ ਰੁਪਏ	ਨਿਵੇਸ਼< 2 ਕਰੋੜ ਰੁਪਏ	ਨਿਵੇਸ਼< 5 ਕਰੋੜ ਰੁਪਏ

ਸੰਸ਼ੋਧਿਤ ਐੱਮਐੱਸਐੱਮਈ ਵਰਗੀਕਰਣ			
ਸੰਯੁਕਤ ਮਾਪਦੰਡ : ਨਿਵੇਸ਼ ਤੇ ਸਾਲਾਨਾ ਟਰਨਓਵਰ			
ਵਰਗੀਕਰਣ	ਸੂਖਮ (ਮਾਈਕ੍ਰੋ)	ਲਘੂ (ਸਮਾਲ)	ਦਰਮਿਆਨੇ (ਮੀਡੀਅਮ)
ਨਿਰਮਾਣ ਤੇ ਸੇਵਾਵਾਂ	ਨਿਵੇਸ਼< 1 ਕਰੋੜ ਰੁਪਏ ਅਤੇ ਟਰਨਓਵਰ<5 ਕਰੋੜ ਰੁਪਏ	ਨਿਵੇਸ਼< 10 ਕਰੋੜ ਰੁਪਏ ਅਤੇ ਟਰਨਓਵਰ<50 ਕਰੋੜ ਰੁਪਏ	ਨਿਵੇਸ਼< 20 ਕਰੋੜ ਰੁਪਏ ਅਤੇ ਟਰਨਓਵਰ<100 ਕਰੋੜ ਰੁਪਏ

200 ਕਰੋੜ ਰੁਪਏ ਤੱਕ ਗਲੋਬਲ ਟੈਂਡਰ ਦੀ ਇਜਾਜ਼ਤ ਨਹੀਂ ਹੋਵੇਗੀ

- ਭਾਰਤੀ ਸੂਖਮ, ਲਘੂ ਤੇ ਦਰਮਿਆਨੇ ਉੱਦਮਾਂ (ਐੱਮਐੱਸਐੱਮਈ) ਅਤੇ ਹੋਰ ਕੰਪਨੀਆਂ ਨੇ ਵਿਦੇਸ਼ੀ ਕੰਪਨੀਆਂ ਦੇ ਅਨੁਚਿਤ ਮੁਕਾਬਲੇ ਦਾ ਸਾਹਮਣਾ ਕਰਨਾ ਪਿਆ ਹੈ।
- **ਇਸ ਲਈ, 200 ਕਰੋੜ ਰੁਪਏ ਤੱਕ ਦੀ ਸਰਕਾਰੀ ਖ਼ਰੀਦ ਟੈਂਡਰਾਂ ਵਿੱਚ ਗਲੋਬਲ ਟੈਂਡਰਾਂ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।**
- **ਆਮ ਵਿੱਤੀ ਨਿਯਮਾਂ ਵਿੱਚ ਲੋੜੀਂਦੀਆਂ ਸੋਧਾਂ ਕੀਤੀਆਂ ਜਾਣਗੀਆਂ।**
- ਇਹ **ਆਤਮਨਿਰਭਰ ਭਾਰਤ ਵੱਲ ਇੱਕ ਕਦਮ ਹੋਵੇਗਾ ਅਤੇ ਇਸ ਨਾਲ ਮੇਕ ਇਨ ਇੰਡੀਆ ਵਿੱਚ ਮਦਦ ਮਿਲੇਗੀ।**
- ਇਸ ਨਾਲ ਐੱਮਐੱਸਐੱਮਈ ਨੂੰ ਆਪਣੇ ਕਾਰੋਬਾਰ ਵਧਾਉਣ ਵਿੱਚ ਵੀ ਮਦਦ ਮਿਲੇਗੀ।

ਸੂਖਮ, ਲਘੂ ਤੇ ਦਰਮਿਆਨੇ ਉੱਦਮਾਂ (ਐੱਮਐੱਸਐੱਮਈ) ਲਈ ਹੋਰ ਦਖ਼ਲ

- ਐੱਮਐੱਸਐੱਮਈ ਨੂੰ ਇਸ ਵੇਲੇ ਕੋਵਿਡ ਕਾਰਨ ਮਾਰਕਿਟਿੰਗ ਤੇ ਲਿਕੁਇਡਿਟੀ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।
- ਐੱਮਐੱਸਐੱਮਈ ਲਈ **ਈ–ਮਾਰਕਿਟ ਲਿੰਕੇਜ**, ਵਪਾਰਕ ਮੇਲਿਆਂ ਤੇ ਪ੍ਰਦਰਸ਼ਨੀਆਂ ਲਈ ਇੱਕ ਪ੍ਰਤੀਸਥਾਪਨ ਵਜੋਂ ਪ੍ਰੋਮੋਟ ਕੀਤਾ ਜਾਵੇਗਾ।
- **ਫ਼ਿਨਟੈੱਕ ਦੀ ਵਰਤੋਂ ਈ–ਮਾਰਕਿਟ ਪਲੇਸ ਦੁਆਰਾ ਤਿਆਰ ਡਾਟਾ ਦੀ ਵਰਤੋਂ ਕਰਦਿਆਂ ਲੈਂਡਿੰਗ ਆਧਾਰਤ ਲੈਣ–ਦੇਣ ਵਿੱਚ ਵਾਧਾ ਕਰਨ ਲਈ ਕੀਤੀ ਜਾਵੇਗੀ।**
- ਸਰਕਾਰ; ਸਰਕਾਰੀ ਤੇ ਕੇਂਦਰੀ ਜਨਤਕ ਖੇਤਰ ਦੇ ਉੱਦਮਾਂ ਤੋਂ ਐੱਮਐੱਸਐੱਮਈ ਵੈਂਡਰਸ ਨੂੰ ਬਕਾਇਆਂ ਦੇ ਨਿਬੇੜੇ ਉੱਤੇ ਨਿਰੰਤਰ ਨਿਗਰਾਨੀ ਰੱਖ ਰਹੀ ਹੈ।
- **ਸਰਕਾਰ ਅਤੇ ਸੀਪੀਐੱਸਈਜ਼ ਤੋਂ ਐੱਮਐੱਸਐੱਮਈ ਲਈ ਪ੍ਰਾਪਤੀਯੋਗ 45 ਦਿਨਾਂ ਵਿੱਚ ਜਾਰੀ ਕੀਤੇ ਜਾਣਗੇ**

3 ਹੋਰ ਮਹੀਨਿਆਂ ਲਈ ਕਾਰੋਬਾਰੀ ਅਦਾਰਿਆਂ ਤੇ ਕਾਮਿਆਂ ਵਾਸਤੇ 2,500 ਕਰੋੜ ਰੁਪਏ ਦੀ ਈਪੀਐੱਫ਼ ਸਹਾਇਤਾ

- ਕਾਰੋਬਾਰੀ ਅਦਾਰੇ ਹੁਣ ਜਦੋਂ ਕੰਮ ਉੱਤੇ ਪਰਤ ਆਏ ਹਨ, ਉਨ੍ਹਾਂ ਨੂੰ ਨਿਰੰਤਰ ਵਿੱਤੀ ਤਣਾਅ ਝੱਲਣਾ ਪੈ ਰਿਹਾ ਹੈ।
- 'ਪ੍ਰਧਾਨ ਮੰਤਰੀ ਗ਼ਰੀਬ ਕਲਿਆਣ ਪੈਕੇਜ' (ਪੀਐੱਮਜੀਕੇਪੀ) ਤਹਿਤ ਯੋਗ ਸੰਸਥਾਨਾਂ ਦੇ ਨਿਯੁਕਤੀਕਾਰ ਦੇ 12% ਅਤੇ 12% ਕਰਮਚਾਰੀ ਅੰਸ਼ਦਾਨਾਂ ਦੇ ਭੁਗਤਾਨ ਈਪੀਐੱਫ਼ (EPF) ਖਾਤਿਆਂ ਵਿੱਚ ਕੀਤੇ ਗਏ ਸਨ।
- ਇਹ ਪਹਿਲਾਂ ਮਾਰਚ, ਅਪ੍ਰੈਲ ਅਤੇ ਮਈ 2020 ਦੇ ਮਹੀਨਿਆਂ ਦੀ ਤਨਖ਼ਾਹ ਲਈ ਪ੍ਰਦਾਨ ਕੀਤਾ ਗਿਆ ਸੀ।
- **ਇਹ ਸਹਾਇਤਾ ਜੂਨ, ਜੁਲਾਈ ਅਤੇ ਅਗਸਤ 2020 ਦੇ ਮਹੀਨਿਆਂ ਦੀਆਂ ਤਨਖ਼ਾਹਾਂ ਲਈ 3 ਹੋਰ ਮਹੀਨਿਆਂ ਵਾਸਤੇ ਅੱਗੇ ਵਧਾਈ ਜਾਵੇਗੀ।**
- ਇਸ ਨਾਲ 3.67 ਲੱਖ ਸੰਸਥਾਨਾਂ ਅਤੇ 72.22 ਲੱਖ ਕਰਮਚਾਰੀਆਂ ਨੂੰ **2,500 ਕਰੋੜ ਰੁਪਏ** ਦੀ ਲਿਕੁਇਡਿਟੀ ਰਾਹਤ ਮਿਲੇਗੀ।

3 ਮਹੀਨਿਆਂ ਲਈ ਕਾਰੋਬਾਰੀ ਅਦਾਰਿਆਂ ਤੇ ਕਾਮਿਆਂ ਵਾਸਤੇ ਈਪੀਐੱਫ਼ ਅੰਸ਼ਦਾਨ ਘਟਾਇਆ – 6750 ਕਰੋੜ ਰੁਪਏ ਲਿਕੁਇਡਿਟੀ ਸਹਾਇਤਾ

- ਕਾਰੋਬਾਰੀ ਅਦਾਰਿਆਂ ਨੂੰ ਅਗਲੇ ਤਿਮਾਹੀ ਦੌਰਾਨ ਉਤਪਾਦਨ ਵਧਾਉਣ ਲਈ ਮਦਦ ਦੀ ਜ਼ਰੂਰਤ ਹੈ।
- ਕਰਮਚਾਰੀਆਂ ਨੂੰ ਘਰ ਲਿਜਾਣ ਵਾਲੀ ਤਨਖ਼ਾਹ ਹੋਰ ਮੁਹੱਈਆ ਕਰਵਾਉਣੀ ਜ਼ਰੂਰੀ ਹੈ ਅਤੇ ਨਿਯੁਕਤੀਕਾਰਾਂ ਨੂੰ ਪ੍ਰੋਵੀਡੈਂਟ ਫ਼ੰਡ ਦੇ ਬਕਾਇਆਂ ਦੇ ਭੁਗਤਾਨ ਵਿੱਚ ਰਾਹਤ ਵੀ ਦੇਣੀ ਹੈ।
- ਇੰਞ, **ਅਗਲੇ 3 ਮਹੀਨਿਆਂ ਲਈ ਈਪੀਐੱਫ਼ਓ ਦੇ ਘੇਰੇ ਤਹਿਤ ਆਉਂਦੇ ਸਾਰੇ ਸੰਸਥਾਨਾਂ ਲਈ ਨਿਯੁਕਤੀਕਾਰਾਂ ਤੇ ਕਰਮਚਾਰੀਆਂ ਦੋਵਾਂ ਲਈ ਵਿਧਾਨਕ ਅੰਸ਼ਦਾਨ ਮੌਜੂਦਾ 12% ਹਰੇਕ ਤੋਂ ਘਟਾ ਕੇ 10% ਹਰੇਕ ਕਰ ਦਿੱਤਾ ਜਾਵੇਗਾ।**
- ਉਂਞ, ਸੀਪੀਐੱਸਈਜ਼ ਅਤੇ ਰਾਜ ਦੇ ਜਨਤਕ ਖੇਤਰ ਦੇ ਉੱਦਮ ਨਿਯੁਕਤੀਕਾਰ ਦੇ ਅੰਸ਼ਦਾਨ ਵਜੋਂ 12% ਦਾ ਅੰਸ਼ਦਾਨ ਪਾਉਣਾ ਜਾਰੀ ਰੱਖਣਗੇ।
- **ਇਹ ਸਕੀਮ ਉਨ੍ਹਾਂ ਕਰਮਚਾਰੀਆਂ ਲਈ ਲਾਗੂ ਹੋਵੇਗੀ ਜੋ ਪੀਐੱਮ ਗ਼ਰੀਬ ਕਲਿਆਣ ਪੈਕੇਜ ਅਤੇ ਉਸ ਦੇ ਵਿਸਥਾਰ ਤਹਿਤ 24% ਈਪੀਐੱਫ਼ ਸਹਾਇਤਾ ਲਈ ਯੋਗ ਨਹੀਂ ਹਨ।**
- ਇਸ ਨਾਲ ਈਪੀਐੱਫ਼ਓ ਤਹਿਤ ਆਉਂਦੇ ਲਗਭਗ **6.5 ਲੱਖ ਸੰਸਥਾਨਾਂ** ਅਤੇ ਲਗਭਗ **4.3 ਕਰੋੜ** ਅਜਿਹੇ ਕਰਮਚਾਰੀਆਂ ਨੂੰ ਰਾਹਤ ਮਿਲੇਗੀ।
- **ਇਹ 3 ਮਹੀਨਿਆਂ ਲਈ ਨਿਯੁਕਤੀਕਾਰਾਂ ਤੇ ਕਰਮਚਾਰੀਆਂ ਨੂੰ 6750 ਕਰੋੜ ਰੁਪਏ ਦੀ ਲਿਕੁਇਡਿਟੀ** ਪ੍ਰਦਾਨ ਕਰੇਗਾ।

ਐੱਨਬੀਐੱਫ਼ਸੀ/ਐੱਚਐੱਫ਼ਸੀਜ਼/ਐੱਮਐੱਫ਼ਆਈਜ਼ (NBFC/HCs/MFIs) ਲਈ 30,000 ਕਰੋੜ ਰੁਪਏ ਦੀ ਵਿਸ਼ੇਸ਼ ਲਿਕੁਇਡਿਟੀ ਯੋਜਨਾ

- ਐੱਨਬੀਐੱਫ਼ਸੀ/ਐੱਚਐੱਫ਼ਸੀਜ਼/ਐੱਮਐੱਫ਼ਆਈਜ਼ (NBFC/HCs/MFIs) ਨੂੰ ਰਿਣ ਬਜ਼ਾਰਾਂ ਵਿੱਚ ਧਨ ਇਕੱਠਾ ਕਰਨਾ ਔਖਾ ਹੋ ਰਿਹਾ ਹੈ।
- ਸਰਕਾਰ 30,000 **ਕਰੋੜ ਰੁਪਏ ਦੀ ਸਪੈਸ਼ਲ ਲਿਕੁਇਡਿਟੀ ਸਕੀਮ** ਸ਼ੁਰੂ ਕਰੇਗੀ।
- ਇਸ ਯੋਜਨਾ ਤਹਿਤ ਨਿਵੇਸ਼ **ਐੱਨਬੀਐੱਫ਼ਸੀ/ਐੱਚਐੱਫ਼ਸੀਜ਼/ਐੱਮਐੱਫ਼ਆਈਜ਼ ਦੇ ਨਿਵੇਸ਼ ਗ੍ਰੇਡ ਡੈੱਟ ਪੇਪਰ ਵਿੱਚ ਪ੍ਰਾਇਮਰੀ ਤੇ ਸੈਕੰਡਰੀ ਬਜ਼ਾਰ ਲੈਣ–ਦੇਣਾਂ ਦੋਵਾਂ** ਵਿੱਚ ਕੀਤਾ ਜਾਵੇਗਾ
- ਲਿਕੁਇਡਿਟੀ ਵਿੱਚ ਵਾਧਾ ਕਰਨ ਲਈ ਆਰਬੀਆਈ/ਸਰਕਾਰੀ ਉਪਾਅ ਜੋੜੇ ਜਾਣਗੇ।
- ਸਕਿਓਰਿਟੀਜ਼ ਦੀ **ਪੂਰੀ ਗਰੰਟੀ ਭਾਰਤ ਸਰਕਾਰ ਦੁਆਰਾ** ਦਿੱਤੀ ਜਾਵੇਗੀ।
- ਇਸ ਨਾਲ ਐੱਨਬੀਐੱਫ਼ਸੀ/ਐੱਚਐੱਫ਼ਸੀਜ਼/ਐੱਮਐੱਫ਼ਆਈਜ਼ ਅਤੇ ਮਿਊਚੁਅਲ ਫ਼ੰਡਾਂ ਲਈ ਲਿਕੁਇਡਿਟੀ ਸਹਾਇਤਾ ਪ੍ਰਦਾਨ ਹੋਵੇਗੀ ਅਤੇ ਬਜ਼ਾਰ ਵਿੱਚ ਵਿਸ਼ਵਾਸ ਪੈਦਾ ਹੋਵੇਗਾ।

ਐੱਨਬੀਐੱਫ਼ਸੀਜ਼ ਲਈ 45,000 ਕਰੋੜ ਰੁਪਏ ਦੀ ਅੰਸ਼ਕ ਰਿਣ ਗਰੰਟੀ ਯੋਜਨਾ

- ਘੱਟ ਕ੍ਰੈਡਿਟ ਰੇਟਿੰਗ ਵਾਲੇ ਐੱਨਬੀਐੱਫ਼ਸੀ/ਐੱਚਐੱਫ਼ਸੀਜ਼/ਐੱਮਐੱਫ਼ਆਈਜ਼ ਨੂੰ ਲਿਕੁਇਡਿਟੀ ਦੀ ਜ਼ਰੂਰਤ ਹੈ, ਤਾਂ ਐੱਮਐੱਸਐੱਮਈ ਅਤੇ ਵਿਅਕਤੀਆਂ ਨੂੰ ਤਾਜ਼ਾ ਲੈਂਡਿੰਗ ਹੋ ਸਕੇ।
- ਮੌਜੂਦਾ ਪੀਸੀਜੀਐੱਸ ਯੋਜਨਾ ਦਾ ਵਿਸਥਾਰ ਬਾਂਡਜ਼ ਦਾ ਪ੍ਰਾਇਮਰੀ ਇਸ਼ੂਐਂਸ / ਅਜਿਹੀਆਂ ਇਕਾਈਆਂ ਦਾ ਸੀਪੀਜ਼ (ਬੈਲੈਂਸ ਸ਼ੀਟਾਂ ਦਾ ਦੇਣਦਾਰੀ ਪੱਖ) ਜਿਹੀਆਂ **ਉਧਾਰੀਆਂ ਕਵਰ** ਕਰਨ ਲਈ ਕੀਤਾ ਜਾਵੇਗਾ।
- **ਪਹਿਲਾ 20% ਨੁਕਸਾਨ ਗਰੰਟਰ ਭਾਵ ਭਾਰਤ ਸਰਕਾਰ ਦੁਆਰਾ ਝੱਲਿਆ ਜਾਵੇਗਾ।**
- ਨਿਵੇਸ਼ ਲਈ ਯੋਗ ਅਨਰੇਟਡ ਪੇਪਰ ਸਮੇਤ ਏਏ ਪੇਪਰ ਅਤੇ ਘੱਟ (ਖਾਸ ਤੌਰ ਉੱਤੇ ਬਹੁਤੇ ਐੱਮਐੱਫ਼ਆਈਜ਼ ਲਈ ਵਾਜਬ)।
- ਇਸ ਯੋਜਨਾ ਦੇ ਨਤੀਜੇ ਵਜੋਂ 45,000 **ਕਰੋੜ ਰੁਪਏ ਦੀ ਲਿਕੁਇਡਿਟੀ** ਹੋਵੇਗੀ।

ਡਿਸਕੌਮਸ (DISCOMs) ਲਈ 90,000 ਕਰੋੜ ਰੁਪਏ ਦਾ ਲਿਕੁਇਡਿਟੀ ਇੰਜੈਕਸ਼ਨ

- ਬਿਜਲੀ ਵੰਡ ਕੰਪਨੀਆਂ (ਡਿਸਕੌਮਸ) ਦੀਆਂ ਆਮਦਨਾਂ ਵਿੱਚ ਬਹੁਤ ਜ਼ਿਆਦਾ ਕਮੀ ਆਈ ਹੈ।
- ਮੰਗ ਵਿੱਚ ਕਮੀ ਕਾਰਨ **ਅਣਕਿਆਸੀ ਨਕਦ ਪ੍ਰਵਾਹ** ਸਮੱਸਿਆ ਪੈਦਾ ਹੋਈ ਹੈ
- ਬਿਜਲੀ ਉਤਪਾਦਨ ਅਤੇ ਟ੍ਰਾਂਸਮਿਸ਼ਨ ਕੰਪਨੀਆਂ ਲਈ ਡਿਸਕੋਮ ਭੁਗਤਾਨਯੋਗ ਇਸ ਵੇਲੇ ~ ਰੁਪਏ 94,000 ਕਰੋੜ
- **ਪ੍ਰਾਪਤੀਯੋਗ ਲਈ ਡਿਸਕੌਮਸ ਨੂੰ 90,000 ਕਰੋੜ ਰੁਪਏ ਦੀ ਲਿਕੁਇਡਿਟੀ ਪੀਐੱਫ਼ਸੀ/ਆਰਈਸੀ (PFC/REC) ਇਨਫ਼ਿਊਜ਼ ਕਰਨਗੇ।**
- ਡਿਸਕੌਮਸ ਦੀਆਂ ਜੈਨਕੋਜ਼ (DISCOMs to Gencos) ਨੂੰ ਦੇਣਦਾਰੀਆਂ ਦੇ ਖਾਸ ਉਦੇਸ਼ ਲਈ ਸਟੇਟ ਗਰੰਟੀਜ਼ ਦੇ ਸਨਮੁੱਖ ਕਰਜ਼ੇ ਦਿੱਤੇ ਜਾਣਗੇ।
- **ਖਾਸ ਗਤੀਵਿਧੀਆਂ/ਸੁਧਾਰਾਂ ਨੂੰ ਲਿੰਕੇਜ:** ਡਿਸਕੌਮਸ ਦੁਆਰਾ ਖਪਤਕਾਰਾਂ ਲਈ ਡਿਜੀਟਲ ਭੁਗਤਾਨਾਂ, ਰਾਜ ਸਰਕਾਰਾਂ ਦੇ ਬਕਾਇਆ ਭੁਗਤਾਨਾਂ ਦੀ ਲਿਕੁਈਡੇਸ਼ਨ, ਵਿੱਤੀ ਅਤੇ ਅਪਰੇਸ਼ਨਲ ਨੁਕਸਾਨ ਘਟਾਉਣ ਦੀ ਯੋਜਨਾ।
- ਕੇਂਦਰੀ ਜਨਤਕ ਖੇਤਰ ਉਤਪਾਦਨ ਕੰਪਨੀਆਂ (ਸੈਂਟਰਲ ਪਬਲਿਕ ਸੈਕਟਰ ਜੈਨਰੇਸ਼ਨ ਕੰਪਨੀਜ਼) ਡਿਸਕੌਮਸ ਨੂੰ ਛੂਟ (ਰਿਬੇਟ) ਦੇਣਗੀਆਂ, ਜੋ ਅੱਗੇ ਅੰਤਿਮ ਖਪਤਕਾਰਾਂ (ਉਦਯੋਗਾਂ) ਨੂੰ ਦਿੱਤੀ ਜਾਵੇਗੀ।

ਠੇਕੇਦਾਰਾਂ ਨੂੰ ਰਾਹਤ

- **6 ਮਹੀਨਿਆਂ ਤੱਕ ਦਾ ਵਿਸਥਾਰ** (ਠੇਕੇਦਾਰ ਨੂੰ ਕੋਈ ਲਾਗਤਾਂ ਤੋਂ ਬਗ਼ੈਰ) ਸਾਰੀਆਂ ਕੇਂਦਰੀ ਏਜੰਸੀਆਂ (ਜਿਵੇਂ ਰੇਲਵੇਜ਼, ਸੜਕ ਆਵਾਜਾਈ ਤੇ ਰਾਜ ਮਾਰਗ ਮੰਤਰਾਲਾ, ਕੇਂਦਰੀ ਲੋਕ ਨਿਰਮਾਣ ਵਿਭਾਗ ਆਦਿ) ਦੁਆਰਾ ਮੁਹੱਈਆ ਕਰਵਾਇਆ ਜਾਵੇਗਾ
- ਨਿਰਮਾਣ / ਨਿਰਮਾਣ ਅਤੇ ਵਸਤਾਂ ਤੇ ਸੇਵਾ ਠੇਕਿਆਂ (ਕੰਟਰੈਕਟਸ) ਨੂੰ ਘੇਰੇ ਵਿੱਚ ਲੈਂਦਾ ਹੈ
- ਕੰਮ ਦੇ ਮੁਕੰਮਲ ਹੋਣ, ਇੰਟਰਮੀਡੀਏਟ ਮਾਈਲਸਟੋਨਜ਼ ਆਦਿ ਜਿਹੀਆਂ ਜ਼ਿੰਮੇਵਾਰੀਆਂ ਨੂੰ ਘੇਰੇ ਵਿੱਚ ਲੈਂਦਾ ਹੈ ਅਤੇ ਪੀਪੀਪੀ ਠੇਕਿਆਂ ਵਿੱਚ ਛੂਟ ਦੀ ਮਿਆਦ ਵਿੱਚ ਵਾਧਾ
- **ਸਰਕਾਰੀ ਏਜੰਸੀਆਂ ਅੰਸ਼ਕ ਤੌਰ ਉੱਤੇ ਬੈਂਕ ਗਰੰਟੀਆਂ ਜਾਰੀ ਕਰਨਗੀਆਂ**, ਉਸ ਹੱਦ ਤੱਕ ਜਿੱਥੋਂ ਤੱਕ ਠੇਕੇ ਅੰਸ਼ਕ ਤੌਰ ਉੱਤੇ ਮੁਕੰਮਲ ਹੋਏ ਹਨ, ਨਕਦ–ਪ੍ਰਵਾਹਾਂ ਨੂੰ ਸੁਖਾਲਾ ਬਣਾਉਣ ਲਈ

ਰੇਰਾ (RERA) ਤਹਿਤ ਰੀਅਲ ਇਸਟੇਟ ਪ੍ਰੋਜੈਕਟਾਂ ਦੀ ਰਜਿਸਟ੍ਰੇਸ਼ਨ ਅਤੇ ਮੁਕੰਮਲ ਕਰਨ ਦੀ ਮਿਤੀ ਵਿੱਚ ਵਾਧਾ

- ਕੋਵਿਡ ਕਾਰਨ ਮਾੜਾ ਪ੍ਰਭਾਵ ਅਤੇ ਪ੍ਰੋਜੈਕਟਾਂ ਦੇ ਰੇਰਾ (RERA) ਸਮਾਂ–ਸੀਮਾਵਾਂ ਮੁਤਾਬਕ ਡੀਫ਼ਾਲਟ ਹੋਣ ਦਾ ਖ਼ਤਮਰਾ ਹੈ। ਸਮਾਂ–ਸੀਮਾਵਾਂ ਅੱਗੇ ਵਧਾਉਣ ਦੀ ਜ਼ਰੂਰਤ ਹੋਵੇਗੀ।
- ਹਾਊਸਿੰਗ ਅਤੇ ਸ਼ਹਿਰੀ ਮਾਮਲਿਆਂ ਬਾਰੇ ਮੰਤਰਾਲਾ ਰਾਜਾਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਅਤੇ ਉਨ੍ਹਾਂ ਦੀਆਂ ਰੈਗੂਲੇਟਰੀ ਅਥਾਰਟੀਜ਼ ਨੂੰ ਨਿਮਨਲਿਖਤ ਅਨੁਸਾਰ ਸਲਾਹ ਦੇਵੇਗਾ:
  - ਰੇਰਾ (RERA) ਤਹਿਤ ਕੋਵਿਡ–19 ਨੂੰ **ਹੋਣੀ (Force Majeure)** ਘਟਨਾ ਮੰਨੋ
  - ਸਾਰੇ ਰਜਿਸਟਰਡ ਪ੍ਰੋਜੈਕਟ, ਜਿਨ੍ਹਾਂ ਦੀ ਮਿਆਦ 25 ਮਾਰਚ, 2020 ਨੂੰ ਜਾਂ ਉਸ ਤੋਂ ਬਾਅਦ ਪੁੱਗ ਰਹੀ ਹੈ, ਉਨ੍ਹਾਂ ਲਈ ਵਿਅਕਤੀਗਤ ਅਰਜ਼ੀਆਂ ਤੋਂ ਬਿਨਾ ਹੀ ਆਪਣੇ–ਆਪ ਹੀ ਨੋਟਿਸ ਲੈਂਦਿਆਂ ਉਨ੍ਹਾਂ ਦੀ **ਰਜਿਸਟ੍ਰੇਸ਼ਨ ਤੇ ਮੁਕੰਮਲ** ਕਰਨ ਦੀ ਮਿਤੀ ਵਿੱਚ 6 ਮਹੀਨਿਆਂ ਦਾ ਵਿਸਥਾਰ ਕਰੋ।
  - ਰੈਗੂਲੇਟਰੀ ਅਥਾਰਟੀਜ਼ ਲੋੜ ਪੈਣ ’ਤੇ ਇਸ ਨੂੰ 3 ਹੋਰ ਮਹੀਨਿਆਂ ਦੇ ਸਮੇਂ ਤੱਕ ਅੱਗੇ ਵਧਾ ਸਕਦੇ ਹਨ।
  - ਸੰਸ਼ੋਧਿਤ ਸਮਾਂ–ਸੀਮਾਵਾਂ ਨਾਲ ਆਪਣੇ–ਆਪ ਹੀ **ਤਾਜ਼ਾ ‘ਪ੍ਰੋਜੈਕਟ ਰਜਿਸਟ੍ਰੇਸ਼ਨ ਸਰਟੀਫ਼ਿਕੇਟ’** ਜਾਰੀ ਕਰੋ।
  - ਰੇਰਾ (RERA) ਤਹਿਤ ਨਾਲੋ–ਨਾਲ ਵਿਭਿੰਨ ਵਿਧਾਨਕ ਨਿਯਮਾਂ/ਤਰੀਕਾਂ ਦੀ ਪਾਲਣਾ ਲਈ ਸਮਾਂ–ਸੀਮਾਵਾਂ ਵਿੱਚ ਵਾਧਾ ਕਰੋ।
- ਇਨ੍ਹਾਂ ਉਪਾਵਾਂ ਨਾਂਲ ਰੀਅਲ ਇਸਟੇਟ ਡਿਵੈਲਪਰਜ਼ ਉੱਤੋਂ ਤਣਾਅ ਘਟੇਗਾ ਅਤੇ ਪ੍ਰੋਜੈਕਟਾਂ ਦਾ ਮੁਕੰਮਲ ਹੋਣਾ ਯਕੀਨੀ ਹੋਵੇਗਾ, ਤਾਂ ਜੋ ਘਰਾਂ ਦੇ ਖ਼ਰੀਦਦਾਰ ਨਵੀਂਆਂ ਸਮਾਂ–ਸੀਮਾਵਾਂ ਨਾਲ ਆਪਣੇ ਬੁੱਕ ਕੀਤੇ ਘਰਾਂ ਦੀ ਡਿਲੀਵਰੀ ਲੈ ਸਕਣ।

ਟੀਡੀਐੱਸ/ਟੀਸੀਐੱਸ (TDS/TCS) ਦਰ ਵਿੱਚ ਕਮੀ ਰਾਹੀਂ 50,000 ਕਰੋੜ ਰੁਪਏ ਦੀ ਲਿਕੁਇਡਿਟੀ

- ਕਰਦਾਤਿਆਂ ਦੀ ਵਰਤੋਂ ਲਈ ਹੋਰ ਫ਼ੰਡ ਮੁਹੱਈਆ ਕਰਵਾਉਣ ਵਾਸਤੇ ਨਿਵਾਸੀਆਂ ਨੂੰ ਕੀਤੇ ਜਾਣ ਵਾਲੇ ਗ਼ੈਰ–ਤਨਖ਼ਾਹਦਾਰ ਵਿਸ਼ਿਸ਼ਟ ਭੁਗਤਾਨਾਂ ਲਈ 'ਟੈਕਸ ਡਿਡਕਸ਼ਨ ਐਟ ਸੋਰਸ' (ਟੀਡੀਐੱਸ – TDS) ਅਤੇ ਵਿਸ਼ੇਸ਼ ਪ੍ਰਾਪਤੀਆਂ ਲਈ 'ਟੈਕਸ ਕੁਲੈਕਸ਼ਨ ਐਟ ਸੋਰਸ' (ਟੀਸੀਐੱਸ) ਦੀਆਂ ਦਰਾਂ ਵਿੱਚ ਮੌਜੂਦਾ ਦਰਾਂ ਦੇ 25% ਤੱਕ ਕਮੀ ਕੀਤੀ ਜਾਵੇਗੀ।
- ਕੰਟਰੈਕਟ, ਪ੍ਰੋਫ਼ੈਸ਼ਲਲ ਫ਼ੀਸ, ਵਿਆਜ, ਕਿਰਾਇਆ, ਡਿਵੀਡੈਂਡ, ਕਮਿਸ਼ਨ, ਬ੍ਰੋਕਰੇਜ ਆਦਿ ਲਈ ਭੁਗਤਾਨ ਟੀਡੀਐੱਸ ਦੀ ਘਟੀ ਦਰ ਲਈ ਯੋਗ ਹੋਣਗੇ।
- ਇਹ ਕਮੀ ਵਿੱਤੀ ਸਾਲ 2020–21 ਭਾਵ ਭਲਕੇ ਤੋਂ ਲੈ ਕੇ 31 ਮਾਰਚ, 2021 ਤੱਕ ਦੇ ਬਾਕੀ ਰਹਿੰਦੇ ਹਿੱਸੇ ਲਈ ਲਾਗੂ ਹੋਵੇਗੀ।
- **ਇਸ ਉਪਾਅ ਨਾਲ 50,000 ਕਰੋੜ ਰੁਪਏ ਦੀ ਲਿਕੁਇਡਿਟੀ ਜਾਰੀ ਹੋਵੇਗੀ।**

ਹੋਰ ਪ੍ਰਤੱਖ ਟੈਕਸ ਉਪਾਅ

- ਮਲਕੀਅਤ, ਭਾਈਵਾਲੀ, ਐੱਲਐੱਲਪੀ ਅਤੇ ਸਹਿਕਾਰੀ ਸੰਸਥਾਨਾਂ/ ਸਭਾਵਾਂ ਸਮੇਤ **ਚੈਰੀਟੇਬਲ ਟ੍ਰੱਸਟਾਂ ਅਤੇ ਗ਼ੈਰ–ਕਾਰਪੋਰੇਟ ਕਾਰੋਬਾਰੀ ਅਦਾਰਿਆਂ ਅਤੇ ਕਿੱਤਿਆਂ ਨੂੰ ਸਾਰੇ ਮੁਲਤਵੀ ਪਏ ਰਿਫ਼ੰਡਸ ਤੁਰੰਤ ਜਾਰੀ ਕੀਤੇ ਜਾਣਗੇ।**
- ਵਿੱਤੀ ਸਾਲ 2020–21 ਲਈ ਸਾਰੀਆਂ ਇਨਕਮ ਟੈਕਸ ਰਿਟਰਨਾਂ ਦੀ ਆਖ਼ਰੀ ਮਿਤੀ 31 ਜੁਲਾਈ, 2020 ਅਤੇ 31 ਅਕਤੂਬਰ, 2020 ਤੋਂ **30 ਨਵੰਬਰ, 2020** ਤੱਕ ਅੱਗੇ ਵਧਾ ਦਿੱਤੀ ਜਾਵੇਗੀ ਅਤੇ ਟੈਕਸ ਆਡਿਟ ਦੀ ਆਖ਼ਰੀ ਮਿਤੀ 30 ਸਤੰਬਰ, 2020 ਤੋਂ ਅੱਗੇ ਵਧਾ ਕੇ **31 ਅਕਤੂਬਰ, 2020** ਕਰ ਦਿੱਤੀ ਜਾਵੇਗੀ।

ਹੋਰ ਪ੍ਰਤੱਖ ਟੈਕਸ ਉਪਾਅ

- **ਮੁੱਲਾਂਕਣਾਂ ਦੀ ਮਿਤੀ** ਜਿਹੜੀ 30 ਸਤੰਬਰ, 2020 ਨੂੰ ਖ਼ਤਮ ਹੋਣੀ ਸੀ, ਉਹ ਅੱਗੇ ਵਧਾ ਕੇ 31 ਦਸੰਬਰ, 2020 ਤੱਕ ਕਰ ਦਿੱਤੀ ਗਈ ਹੈ ਤੇ ਜਿਹੜੀ ਆਖ਼ਰੀ ਮਿਤੀ 31 ਮਾਰਚ, 2021 ਨੂੰ ਖ਼ਤਮ ਹੋਣੀ ਹੈ, ਉਸ ਨੂੰ ਵਧਾ ਕੇ 30 ਸਤੰਬਰ, 2021 ਕਰ ਦਿੱਤਾ ਜਾਵੇਗਾ।
- **‘ਵਿਵਾਦ ਸੇ ਵਿਸ਼ਵਾਸ’ ਸਕੀਮ** ਤਹਿਤ ਬਿਨਾ ਐਡੀਸ਼ਨਲ ਰਕਮ ਦੇ ਭੁਗਤਾਨ ਲਈ ਮਿਤੀ ਅੱਗੇ **ਵਧਾ ਕੇ 31 ਦਸੰਬਰ, 2020** ਕੀਤੀ ਜਾਵੇਗੀ।

सत्यमेव जयते
Goverment Of India

ਤੁਹਾਡਾ ਧੰਨਵਾਦ